# ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਦੀ ਦੁਪਰਤੀ ਸ਼ਾਖਾ (ਕੰਪਿਊਟਰ ਸੈੱਲ) ਵਿਚ ਜੂਨ 2੦1੦ ਤੋਂ ਅਕਤੂਬਰ 2੦11 ਦੌਰਾਨ ਦੁਪਰਤੀ ਸਰਟੀਫਿਕੇਟ ਲੈਣ ਸੰਬੰਧੀ ਭਰੇ ਗਏ ਦੁਪਰਤੀ ਫਾਰਮਾਂ ਵਿਚੋਂ ਕਈਆਂ ਵਿਚ ਤੁਰੱਟੀਆਂ ਹੋਣ ਕਾਰਣ ਕੇਸ ਲਮਕ ਵਿਚ ਪਏ ਹਨ। ਇਨ੍ਹਾਂ ਕੇਸਾਂ ਸੰਬੰਧੀ ਪ੍ਰੀਖਿਆਰਥੀ/ਬਿਨੈਕਾਰਾਂ ਨੂੰ ਦਫ਼ਤਰ ਵਲੋਂ ਤਰੁੱਟੀ ਪੱਤਰ/ਯਾਦ ਪੱਤਰ ਪਾਏ ਜਾਣ ਦੇ ਬਾਵਜੂਦ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਪਬਲਿਕ ਨੋਟਿਸ ਰਾਹੀਂ ਐਲਾਨ ਕੀਤਾ ਜਾਂਦਾ ਹੈ ਕਿ ਸਾਰੇ ਸੰਬੰਧਤ ਇਸ ਪਬਲਿਕ ਨੋਟਿਸ ਦੇ ਜਾਰੀ ਹੋਣ ਦੇ ਇਕ ਮਹੀਨੇ ਦੇ ਅੰਦਰ-ਅੰਦਰ ਤਰੁੱਟੀਆਂ ਦੂਰ ਕਰਵਾ ਕੇ ਦੁਪਰਤੀ ਪ੍ਰਮਾਣ ਪੱਤਰ ਲੈਣ ਦੀ ਖੇਚਲ ਕਰਨ। ਮਿੱਥੇ ਸਮੇਂ ਤੋਂ ਬਾਅਦ ਦਫ਼ਤਰ ਵਲੋਂ ਕੋਈ ਅਗਲੇਰੀ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਪ੍ਰੀਖਿਆਰਥੀ/ਬਿਨੈਕਾਰ ਵਲੋਂ ਦੁਪਰਤੀ ਸਰਟੀਫਿਕੇਟ ਲਈ ਭਰਿਆ ਫਾਰਮ/ਕਿਸੇ ਕਿਸਮ ਦਾ ਕਲੇਮ ਰੱਦ ਸਮਝਿਆ ਜਾਵੇਗਾ।

**ਸਕੱਤਰ**

**ਪੰਜਾਬ ਸਕੂਲ ਸਿੱਖਿਆ ਬੋਰਡ**